pstcl

ਪੰਜਾਬ ਸਟੇਟ ਟਰਾਂਸਮਿਸ਼ਨ ਕਾਰਪੋਰੇਸ਼ਨ ਲਿਮਟਿਡ
ਰਜਿ:ਦਫਤਰ:ਪੀਐਸਈਬੀ ਹੈਡ ਆਫਿਸ, ਦੀ ਮਾਲ,ਪਟਿਆਲਾ-147001,ਪੰਜਾਬ,ਭਾਰਤ
Corporate Identity Number: U40109PB2010SGC033814 (www.pstcl.org)
(ਦਫਤਰ ਮੁੱਖ ਲੇਖਾ ਅਫ਼ਸਰ/ਵਿੱਤ ਅਤੇ ਆਡਿਟ, ਲੋਨ ਅਤੇ ਬੈਕਿੰਗ ਸ਼ਾਖਾ),
ਤੀਜੀ ਮੰਜਿਲ,ਸ਼ਕਤੀ ਸਦਨ, ਸਾਹਮਣੇ ਕਾਲੀ ਮਾਤਾ ਮੰਦਿਰ,ਪਟਿਆਲਾ
Fax /Ph. No.96461-21445 Email : ao-fa@pstcl.org

ਵੱਲ

ਸਮੂਹ ਡੀ.ਡੀ.ਓਜ,
ਅਧੀਨ ਪੀ.ਐਸ.ਟੀ.ਸੀ.ਐਲ।

ਮੀਮੋ ਨੰ.....368.....    ਮਿਤੀ....25-10-2024

ਵਿਸ਼ਾ:- **Payment ਅਤੇ Collection Account ਸਬੰਧੀ Bank Reconciliation Statement (BRS) ਸਮੇਂ ਸਿਰ ਭੇਜਣ ਸਬੰਧੀ।**

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਪੀਐਸਟੀਸੀਐਲ ਅਧੀਨ ਸਮੂਹ ਡੀ.ਡੀ.ਓਜ ਨੂੰ ਇਸ ਦਫ਼ਤਰ ਵੱਲੋਂ ਬੀ.ਆਰ.ਐਸ ਰਿਕਾਰਡ (Payment and Collection Account) ਹਰ ਮਹੀਨੇ ਦੀ 10 ਤਰੀਖ ਨੂੰ ਇਸ ਦਫ਼ਤਰ ਵਿਖੇ ਭੇਜਣ ਸਬੰਧੀ ਪਹਿਲਾਂ ਵੀ ਕਈ ਵਾਰ ਹਦਾਇਤਾਂ ਜਾਰੀ ਕੀਤੀਆਂ ਗਈਆਂ ਸਨ ਪ੍ਰੰਤੂ ਇਹ ਦੇਖਣ ਵਿੱਚ ਆਇਆ ਹੈ ਕਿ ਕਈ ਦਫ਼ਤਰਾਂ ਵੱਲੋਂ ਬੀ.ਆਰ.ਐਸ ਸਮੇਂ ਸਿਰ ਨਹੀਂ ਭੇਜਿਆਂ ਜਾਂਦੀਆਂ ਅਤੇ ਨਾ ਹੀ ਬੀ.ਆਰ.ਐਸ ਨਾਲ ਸੰਬਧਿਤ ਅਨੈਕਸਚਰ/ਦਸਤਾਵੇਜ਼ ਪੂਰੇ ਭੇਜੇ ਜਾਂਦੇ ਹਨ। ਕੁਝ ਦਫਤਰ Collection Account ਦੀ BRS ਭੇਜਣ ਦੀ ਜਗ੍ਹਾਂ ਸਿਰਫ ਪ੍ਰਾਪਤੀ ਰਕਮ ਦੀ Detail ਹੀ ਭੇਜਦੇ ਹਨ। ਇਸ ਕਾਰਨ ਇਸ ਦਫ਼ਤਰ ਵਿੱਚ ਬੀ.ਆਰ.ਐਸ ਦਾ ਮਿਲਾਣ ਕਰਨ ਵਿੱਚ ਕਾਫੀ ਮੁਸ਼ਿਕਲ ਪੇਸ਼ ਆਉਂਦੀ ਹੈ। ਇਸ ਲਈ ਸਮੂਹ ਡੀ.ਡੀ.ਓਜ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਬੈਂਕ ਮਿਲਾਨ ਸਾਰਣੀਆਂ ਹਰ ਪਾਸੋਂ ਮੁਕੰਮਲ ਕਰਕੇ ਸਮੇਂ ਸਿਰ ਭੇਜਣਾ ਯਕੀਨੀ ਬਣਾਇਆ ਜਾਵੇ, ਤਾਂ ਜ਼ੋ ਇਸ ਦਫ਼ਤਰ ਵੱਲੋਂ ਸਬੰਧਤ ਰਿਕਾਰਡ/BRS ਨੂੰ ਚੰਗੀ ਤਰਾਂ ਚੈਕ ਕੀਤਾ ਜਾ ਸਕੇ ਜੀ। ਪਿਛਲੇ ਕੁਝ ਸਮੇਂ ਤੋਂ ਕਈ ਡੀ.ਡੀ.ਓਜ ਵੱਲੋਂ ਬੀ.ਆਰ.ਐਸ ਨਾਲ ਸਬੰਧਿਤ ਰਿਕਾਰਡ ਇਸ ਦਫ਼ਤਰ ਨੂੰ ਨਹੀਂ ਭੇਜਿਆ ਜਾ ਰਿਹਾ ਜਿਸ ਦਾ ਉਚ ਅਧਿਕਾਰੀਆਂ ਵੱਲੋਂ ਗੰਭੀਰਤਾ ਨਾਲ ਨੋਟਿਸ ਲਿਆ ਗਿਆ ਹੈ।

ਇਸ ਲਈ ਉਪਰੋਕਤ ਨੂੰ ਮੁੱਖ ਰੱਖਦੇ ਹੋਏ (ਪਿਛਲੇ ਮਹੀਨੇ ਨਾਲ ਸਬੰਧਿਤ) ਬੈਂਕ ਰਿਕੰਸੀਲੇਸ਼ਨ ਸਟੇਟਮੈਂਟਸ (ਪ੍ਰਾਪਤੀ ਤੇ ਅਦਾਇਗੀ ਖਾਤੇ ਨਾਲ ਸਬੰਧਿਤ) ਹਰ ਮਹੀਨੇ ਦੀ 7 ਤਰੀਖ ਤੱਕ ਭੇਜੀਆਂ ਜਾਣ। ਇਸ ਤੋਂ ਇਲਾਵਾ ਅਦਾਇਗੀ ਖਾਤੇ ਨਾਲ ਸਬੰਧਿਤ ਦਸਤਾਵੇਜ਼ ਜਿਵੇਂ ਕਿ:-

1. ਬੀ.ਆਰ.ਐਸ
2. ਚੈਕ ਡਰਾਅਨ ਸਟੇਟਮੈਂਟ
3. ਬੈਂਕ ਸਟੇਟਮੈਂਟ
4. ਹੈਡ ਆਫਿਸ ਵੱਲੋਂ ਟਰਾਂਸਫਰ ਕੀਤੇ ਫੰਡਜ ਦੀ ਲਿਸਟ (ਸਮੇਤ ਟੀ.ਈ.ਓ)

ਚੱਲਦਾ ਪੰਨਾ...2..

5. ਸਟੇਲ ਚੈੱਕ

6. Funds Utilization Statement

7. ਲੋੜੀਂਦੇ ਸਰਟੀਫਿਕੇਟ:-ਸਟੈਚੂਰੀ ਸਟੇਟਮੈਂਟ ਨਾਲ ਸਬੰਧਿਤ, RTGS/NEFT ਰਾਹੀਂ ਠੇਕੇਦਾਰਾਂ ਨੂੰ ਕੀਤੀ ਅਦਾਇਗੀਆਂ, Cash withdrawal Statement ਸਮੇਤ ਸਾਰੇ ਦਸਤਾਵੇਜ਼ ਬੀ.ਆਰ.ਐਸ ਨਾਲ ਭੇਜੇ ਜਾਣ।

ਇਸੇ ਤਰਾਂ <u>ਪ੍ਰਾਪਤੀ ਖਾਤੇ</u> ਨਾਲ ਸਬੰਧੀ ਦਸਤਾਵੇਜ਼ ਜਿਵੇਂ ਕਿ:-

1. ਬੀ.ਆਰ.ਐਸ
2. ਪੇ ਇੰਨ ਸਲਿਪ/ ਪ੍ਰਾਪਤੀ ਰਕਮ ਦੀ ਡਿਟੇਲ
3. ਬੈਂਕ ਸਟੇਟਮੈਂਟ
4. ਸਾਰੇ ਜਮ੍ਹਾਂ ਕਰਵਾਏ ਗਏ ਫੰਡਜ ਮੇਨ ਖਾਤੇ ਵਿੱਚ ਜਮ੍ਹਾਂ ਕਰਵਾਉਣ ਸਬੰਧੀ ਸਰਟੀਫਿਕੇਟ ਸਮੇਤ ਸਾਰੇ ਦਸਤਾਵੇਜ਼ ਬੀ.ਆਰ.ਐਸ ਨਾਲ ਭੇਜੇ ਜਾਣ।

ਇਹ ਰਿਕਾਰਡ ਇਸ ਦਫ਼ਤਰ ਦੀ email.ids:- <u>ao-fa@pstcl.org</u> ਅਤੇ <u>sas-banking@pstcl.org</u> ਤੇ ਭੇਜਣਾ ਯਕੀਨੀ ਬਣਾਇਆ ਜਾਵੇ। ਬੀ.ਆਰ.ਐਸ ਸਬੰਧੀ ਉਪਰੋਕਤ ਦਰਸਾਏ ਦਸਤਾਵੇਜਾਂ ਦਾ complete ਰਿਕ੍ਰਾਰਡ ਮਹੀਨੇ ਦੀ 7 ਤਰੀਖ ਤੱਕ ਨਾ ਪ੍ਰਾਪਤ ਹੋਣ ਦੀ ਸੂਰਤ ਵਿੱਚ ਸਬੰਧਿਤ ਦਫ਼ਤਰ ਦੇ funds ਅਗਲੇ ਦਿਨ <u>**block** ਕਰ ਦਿੱਤੇ ਜਾਣਗੇ ਅਤੇ ਕਾਰਪੋਰੇਸ਼ਨ ਨੂੰ ਵਿੱਤੀ ਨੁਕਸਾਨ ਹੋਣ ਤੇ ਸਬੰਧਤ **DDO** ਦੀ ਜਿੰਮੇਵਾਰੀ ਹੋਵੇਗੀ।</u>

25/10/24

ਲੇਖਾ ਅਫ਼ਸਰ/ਲੋਨ ਅਤੇ ਬੈਂਕਿੰਗ,
ਪੀਐਸਟੀਸੀਐਲ, ਪਟਿਆਲਾ।